# ਪੰਜਾਬ ਸਕੂਲ ਸਿੱਖਿਆ ਬੋਰਡ
## (ਪ੍ਰੈੱਸ ਨੋਟ)

## ਬੋਰਡ ਵੱਲੋਂ ਸਹਿ-ਵਿੱਦਿਅਕ ਮੁਕਾਬਲਿਆਂ ਦੀਆਂ ਤਰੀਕਾਂ ਦਾ ਐਲਾਨ

ਐੱਸ.ਏ.ਐੱਸ 3 ਜੁਲਾਈ ( ) ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਕੱਤਰ ਸ੍ਰੀਮਤੀ ਹਰਗੁਣਜੀਤ ਕੌਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਹਰ ਸਾਲ ਵਿਦਿਆਰਥੀਆਂ ਦੇ ਕਰਵਾਏ ਜਾਂਦੇ ਸਹਿ-ਵਿੱਦਿਅਕ ਮੁਕਾਬਲਿਆਂ ਵਜੋਂ ਇਸ ਸਾਲ ਦੇ ਮੁਕਾਬਲਿਆਂ ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ ਗਿਆ ਹੈ । ਇਸ ਸਾਲ 2018-19 ਇਹ ਵਿੱਦਿਅਕ ਮੁਕਾਬਲੇ ਅਗਸਤ ਮਹੀਨੇ ਤੋਂ ਸ਼ੁਰੂ ਕਰਵਾਏ ਜਾ ਰਹੇ ਹਨ। ਇਨ੍ਹਾਂ ਮੁਕਾਬਲਿਆਂ ਨੂੰ ਜ਼ਿਲਾ-ਪੱਧਰ ’ਤੇ ਦੋ ਪੜਾਵਾਂ ਵਿੱਚ ਕਰਵਾਇਆ ਜਾਵੇਗਾ । ਜ਼ਿਲਾ ਪੱਧਰ ਮੁਕਾਬਲਿਆਂ ਤੋਂ ਬਾਅਦ ਜੇਤੂ ਵਿਦਿਆਰਥੀਆਂ ਦੇ ਖੇਤਰ ਪੱਧਰ ’ਤੇ ਅਤੇ ਫੇਰ ਇਨ੍ਹਾਂ ਮੁਕਾਬਲਿਆਂ ਵਿੱਚੋਂ ਜੇਤੂਆਂ ਦੇ ਰਾਜ ਪੱਧਰ ’ਤੇ ਮੁਕਾਬਲੇ ਕਰਵਾਏ ਜਾਣਗੇ ।

ਸਕੱਤਰ ਜੀ ਨੇ ਦੱਸਿਆ ਕਿ ਜ਼ਿਲ੍ਹਾ ਪੱਧਰ ’ਤੇ ਪਹਿਲੇ ਪੜਾਅ ਦੇ ਮੁਕਾਬਲੇ 17 ਤੋਂ 19 ਅਗਸਤ ਅਤੇ ਦੂਜੇ ਪੜਾਅ ਦੇ ਮੁਕਾਬਲੇ 5 ਤੋਂ 7 ਅਕਤੂਬਰ ਨੂੰ ਕਰਵਾਏ ਜਾਣਗੇ। । ਜ਼ਿਲਾ ਪੱਧਰ ਮੁਕਾਬਲਿਆਂ ਤੋਂ ਬਾਅਦ ਜੇਤੂ ਵਿਦਿਆਰਥੀਆਂ ਦੇ 3 ਤੋਂ 5 ਨਵੰਬਰ ਨੂੰ ਖੇਤਰ ਪੱਧਰ ’ਤੇ ਅਤੇ ਫੇਰ ਇਨ੍ਹਾਂ ਮੁਕਾਬਲਿਆਂ ਵਿੱਚੋਂ ਜੇਤੂਆਂ ਦੇ 7 ਤੋਂ 9 ਦਸੰਬਰ ਨੂੰ ਰਾਜ ਪੱਧਰ ’ਤੇ ਮੁਕਾਬਲੇ ਕਰਵਾਏ ਜਾਣਗੇ ।

ਸਕੱਤਰ ਜੀ ਨੇ ਅੱਗੇ ਦੱਸਿਆ ਕਿ ਇਸ ਵਾਰ ਪ੍ਰਾਇਮਰੀ ਪੱਧਰ ਲਈ ਸ਼ਬਦ ਜੋੜ ਮੁਕਾਬਲਾ ਵੀ ਸ਼ੁਰੂ ਕੀਤਾ ਗਿਆ ਹੈ। ਇਸ ਵਾਰ ਮੁਕਾਬਲਿਆਂ ਦੀਆਂ ਹਦਾਇਤਾਂ ਵਿੱਚ ਕੁਝ ਅਹਿਮ ਤਬਦੀਲੀਆਂ ਕੀਤੀਆਂ ਗਈਆਂ ਹਨ । ਉਨ੍ਹਾਂ ਨੇ ਦੱਸਿਆ ਕਿ ਪ੍ਰਾਇਮਰੀ ਵਰਗ ਚਿੱਤਰਕਲਾ ਮੁਕਾਬਲੇ ਵਿੱਚ ਹੁਣ ਮੁਕਾਬਲੇ ਸਮੇਂ ਮੌਕੇ ਤੇ ਹੀ ਬੋਰਡ ਵੱਲੋਂ ਚਿੱਤਰਕਲਾ ਦਾ ਵਿਸ਼ਾ ਦਿੱਤਾ ਜਾਵੇਗਾ। ਭੰਗੜਾ ਮੁਕਾਬਲੇ ਵਿੱਚ ਕੁੱਲ-9 ਵਿੱਦਿਆਰਥੀ ਭਾਗ ਲੈਣਗੇ। 8 ਭੰਗੜੇ ਲਈ 1 ਬੋਲੀਆਂ ਲਈ (ਉਸੇ ਸਕੂਲ ਅਤੇ ਵਰਗ ਦਾ) ਇਸ ਤੋਂ ਇਲਾਵਾ 3 ਪੇਸ਼ੇਵਰ ਸਹਿਯੋਗੀ ਹੋਰ ਭਾਗ ਲੈ ਸਕਦੇ ਹਨ।

ਉਨ੍ਹਾਂ ਨੇ ਦੱਸਿਆ ਕਿ ਉਪਰੋਕਤ ਤੋਂ ਇਲਾਵਾ ਕੁਝ ਹੋਰ ਤਬਦੀਲੀਆਂ ਕੀਤੀਆਂ ਗਈਆਂ ਹਨ। ਜਿਨ੍ਹਾਂ ਦਾ ਵਿਸਥਾਰ ਪੂਰਵਕ ਵੇਰਵਾ ਨਿਯਮਾਵਾਲੀ ਪੁਸਤਕ ਵਿੱਚ ਦਿੱਤਾ ਗਿਆ ਹੈ। ਨਿਯਮਾਵਲੀ ਪੁਸਤਕ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਵੈਬਸਾਇਟ www.psep.ac.in ਤੇ ਉਪਲੱਬਧ ਹੈ। ਇਸ ਲਈ ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀ ਅਤੇ ਅਧਿਆਪਕ ਸਾਹਿਬਾਨ ਬੋਰਡ ਦੀ ਵੈਬ-ਸਾਇਟ ’ਤੇ ਉਪਲੱਬਧ ਨਿਯਮਾਵਲੀ ਨੂੰ ਜ਼ਰੂਰ ਧਿਆਨ ਵਿੱਚ ਰੱਖਣ।

ਮਿਤੀ:- 03-07-2018

ਕੋਮਲ ਸਿੰਘ (ਲੋਕ ਸੰਪਰਕ ਦਫ਼ਤਰ)
ਪੰਜਾਬ ਸਕੂਲ ਸਿੱਖਿਆ ਬੋਰਡ

Scanned by CamScanner